# ਮਾਪਿਆਂ ਅਤੇ ਦੇਖਭਾਲ ਕਰਨ ਵਾਲਿਆਂ ਲਈ 'ਮੁਅੱਤਲ' (ਸਸਪੈਂਡ ਕੀਤੇ ਜਾਣ) ਬਾਰੇ ਜਾਣਕਾਰੀ

Government of South Australia
Department for Education

Punjabi / ਪੰਜਾਬੀ

ਮੁਅੱਤਲ ਕਰਨਾ ਇੱਕ ਛੋਟੀ ਮਿਆਦ ਦੀ ਪ੍ਰਤੀਕਿਰਿਆ ਹੈ ਜੋ ਵਿਦਿਆਰਥੀ ਦੇ ਅਜਿਹੇ ਚਿੰਤਯੋਗ ਵਿਵਹਾਰ ਦੀ ਜਵਾਬੀ ਕਾਰਵਾਈ ਵਜੋਂ ਵਰਤੀ ਜਾਂਦੀ ਹੈ, ਜੋ ਅਸੁਰੱਖਿਅਤ ਹੈ ਜਾਂ ਜੋ ਸਿੱਖਿਆ ਅਤੇ ਸਿੱਖਣ ਦੀ ਰਾਹ ਵਿੱਚ ਆਉਂਦਾ ਹੈ।

ਜਦੋਂ ਕਿਸੇ ਵਿਦਿਆਰਥੀ ਨੂੰ ਮੁਅੱਤਲ ਕੀਤਾ ਜਾਂਦਾ ਹੈ, ਤਾਂ ਉਹ 1 ਤੋਂ 5 ਦਿਨਾਂ ਤੱਕ ਸਕੂਲ ਨਹੀਂ ਜਾਂਦਾ।

ਪ੍ਰਿੰਸੀਪਲ, ਜਾਂ ਉਨ੍ਹਾਂ ਵੱਲੋਂ ਕੰਮ ਕਰਨ ਵਾਲਾ ਕੋਈ ਵਿਅਕਤੀ, ਮੁਅੱਤਲੀ ਦਾ ਫੈਸਲਾ ਕਰਦਾ ਹੈ।

ਕਿਸੇ ਵਿਦਿਆਰਥੀ ਨੂੰ ਸਿੱਖਿਆ ਨਿਰਦੇਸ਼ਕ ਦੀ ਮਨਜ਼ੂਰੀ ਤੋਂ ਬਿਨਾਂ 15 ਦਿਨਾਂ ਤੋਂ ਵੱਧ ਜਾਂ ਸਾਲ ਵਿੱਚ 4 ਵੱਖ-ਵੱਖ ਵਾਰ ਮੁਅੱਤਲ ਨਹੀਂ ਕੀਤਾ ਜਾ ਸਕਦਾ।

## ਜੇਕਰ ਤੁਹਾਡੇ ਬੱਚੇ ਨੂੰ ਮੁਅੱਤਲ ਕੀਤਾ ਗਿਆ ਹੈ ਤਾਂ ਕੀ ਕਰਨਾ ਹੈ

ਸਕੂਲ ਇਹ ਦੱਸਣ ਲਈ ਤੁਹਾਡੇ ਨਾਲ ਸੰਪਰਕ ਕਰੇਗਾ ਕਿ ਤੁਹਾਡੇ ਬੱਚੇ ਨੂੰ ਕਿਉਂ ਮੁਅੱਤਲ ਕੀਤਾ ਗਿਆ ਹੈ ਅਤੇ ਕੀ ਹੋਇਆ ਇਸ ਬਾਰੇ ਜਾਣਕਾਰੀ ਸਾਂਝੀ ਕਰੇਗਾ।

ਘਟਨਾ ਦੇ ਸਾਰੇ ਪੱਖਾਂ ਨੂੰ ਸੁਣਨਾ ਮਹੱਤਵਪੂਰਨ ਹੈ। ਹੇਠ ਦੱਸੀਆਂ ਚੀਜ਼ਾਂ ਮਦਦ ਕਰ ਸਕਦੀਆਂ ਹਨ:

- ਸ਼ਾਂਤ ਰਹੋ
- ਜੋ ਹੋਇਆ ਉਸ ਬਾਰੇ ਆਪਣੇ ਬੱਚੇ ਨਾਲ ਗੱਲ ਕਰੋ
- ਜੋ ਹੋਇਆ ਉਸ ਬਾਰੇ ਸਕੂਲ ਨਾਲ ਗੱਲ ਕਰੋ।

ਮੁਅੱਤਲ ਕੀਤੇ ਜਾਣ ਤੋਂ ਬਾਅਦ ਉਨ੍ਹਾਂ ਨੂੰ ਵਾਪਸ ਸਕੂਲ ਲਿਆਉਣ ਵਾਸਤੇ ਸਕੂਲ ਅਤੇ ਆਪਣੇ ਬੱਚੇ ਨਾਲ ਰਲ੍ਹ-ਮਿਲ ਕੇ ਕੰਮ ਕਰੋ।

## ਪ੍ਰਿੰਸੀਪਲ ਮੁਅੱਤਲੀ ਦੀ ਵਰਤੋਂ ਕਿਉਂ ਕਰਦੇ ਹਨ

ਮੁਅੱਤਲ ਕਰਨਾ ਇੱਕ ਛੋਟੀ ਮਿਆਦ ਦੀ ਪ੍ਰਤੀਕਿਰਿਆ ਹੈ ਜੋ ਵਿਦਿਆਰਥੀ ਦੇ ਅਜਿਹੇ ਵਿਵਹਾਰ ਦੀ ਜਵਾਬੀ ਕਾਰਵਾਈ ਵਜੋਂ ਵਰਤੀ ਜਾਂਦੀ ਹੈ, ਜੋ ਅਸੁਰੱਖਿਅਤ ਹੈ ਜਾਂ ਜੋ ਸਿੱਖਿਆ ਅਤੇ ਸਿੱਖਣ ਦੀ ਰਾਹ ਵਿੱਚ ਆਉਂਦਾ ਹੈ।

ਪ੍ਰਿੰਸੀਪਲ ਮੁਅੱਤਲੀ ਦੀ ਵਰਤੋਂ ਕਰਦੇ ਹਨ:

- ਸਕੂਲਾਂ ਨੂੰ ਹਰ ਕਿਸੇ ਲਈ ਇੱਕ ਸੁਰੱਖਿਅਤ ਅਤੇ ਸਕਾਰਾਤਮਕ ਸਿੱਖਣ ਦਾ ਸਥਾਨ ਬਣਾਉਣ ਵਿੱਚ ਮਦਦ ਕਰਨ ਲਈ
- ਜਦੋਂ ਹੋਰ ਚੀਜ਼ਾਂ ਨੇ ਸੁਰੱਖਿਅਤ ਅਤੇ ਸਕਾਰਾਤਮਕ ਵਿਵਹਾਰ ਦਰਸਾਉਣ ਵਿੱਚ ਵਿਦਿਆਰਥੀ ਦੀ ਮਦਦ ਨਹੀਂ ਕੀਤੀ
- ਵਿਦਿਆਰਥੀ, ਉਸਦੇ ਮਾਤਾ-ਪਿਤਾ ਜਾਂ ਦੇਖਭਾਲ ਕਰਨ ਵਾਲਿਆਂ, ਅਤੇ ਸਕੂਲ ਦੀ ਮਦਦ ਕਰਨ ਲਈ, ਤਾਂ ਜੋ ਇਹ ਫੈਸਲਾ ਲਿਆ ਜਾ ਸਕੇ ਕਿ ਭਵਿੱਖ ਵਿੱਚ ਸੁਰੱਖਿਅਤ ਅਤੇ ਸਕਾਰਾਤਮਕ ਵਿਵਹਾਰ ਦਰਸਾਉਣ ਵਿੱਚ ਵਿਦਿਆਰਥੀ ਦੀ ਮਦਦ ਕਰਨ ਲਈ ਕੀ ਹੋਣਾ ਚਾਹੀਦਾ ਹੈ।

## ਕੀ ਹੋਇਆ ਇਸ ਬਾਰੇ ਜਾਣਕਾਰੀ ਇਕੱਠੀ ਕਰਨਾ

ਇਹ ਸਮਝਣ ਵਿੱਚ ਪ੍ਰਿੰਸੀਪਲ ਦੀ ਮਦਦ ਕਰਨ ਲਈ ਕਿ ਕੀ ਹੋਇਆ ਸੀ, ਸਕੂਲ ਜਾਣਕਾਰੀ ਇਕੱਠੀ ਕਰੇਗਾ ।

ਉਹ ਤੁਹਾਡੇ ਬੱਚੇ ਦਾ ਨਜ਼ਰੀਆ ਜਾਣਨ ਦੀ ਕੋਸ਼ਿਸ਼ ਕਰਨਗੇ।

ਸਕੂਲ ਆਪਣੇ ਵੱਲੋਂ ਪੂਰੀ ਕੋਸ਼ਿਸ਼ ਕਰੇਗਾ ਕਿ ਇਸ ਗੱਲ ਨੂੰ ਲੈ ਕੇ ਫਲੈਕਸਿਬਲ (ਪਰਿਵਰਤਨ ਦੇ ਅਨੁਕੂਲ ਹੋਣਾ) ਬਣੇ, ਕਿ ਤੁਹਾਡਾ ਬੱਚਾ ਇਸ ਬਾਰੇ ਕਦੋਂ ਅਤੇ ਕਿਵੇਂ ਆਪਣੇ ਵਿਚਾਰ ਸਾਂਝੇ ਕਰਦਾ ਹੈ, ਕਿ ਕੀ ਹੋਇਆ ਸੀ।

## ਪ੍ਰਿੰਸੀਪਲ ਆਪਣਾ ਫੈਸਲਾ ਕਿਵੇਂ ਲੈਂਦੇ ਹਨ

ਪ੍ਰਿੰਸੀਪਲ ਨੂੰ ਨਿਰਪੱਖ ਫੈਸਲਾ ਲੈਣਾ ਚਾਹੀਦਾ ਹੈ। ਉਹਨਾਂ ਨੂੰ ਆਪਣਾ ਫੈਸਲਾ ਲੈਣ ਤੋਂ ਪਹਿਲਾਂ ਬਹੁਤ ਸਾਰੀਆਂ ਚੀਜ਼ਾਂ ਬਾਰੇ ਸੋਚਣੀਆਂ ਚਾਹੀਦੀਆਂ ਹਨ। ਜਿਵੇਂ ਕਿ:

- ਹੋਰ ਲੋਕਾਂ ਤੋਂ ਜਾਣਕਾਰੀ
- ਤੁਹਾਡੇ ਬੱਚੇ ਦਾ ਨਜ਼ਰੀਆ
- ਵਿਵਹਾਰ ਕਿੰਨਾ ਕੁ ਗੰਭੀਰ ਹੈ ਅਤੇ ਇਹ ਕਿੰਨੀ ਕੁ ਵਾਰ ਹੁੰਦਾ ਹੈ
- ਤੁਹਾਡੇ ਬੱਚੇ ਦੀਆਂ ਕੀ ਲੋੜਾਂ ਹਨ ਅਤੇ ਸੁਰੱਖਿਅਤ ਅਤੇ ਸਕਾਰਾਤਮਕ ਵਿਵਹਾਰ ਕਰਨ ਵਿੱਚ ਉਹਨਾਂ ਦੀ ਮਦਦ ਕਰਨ ਲਈ ਉਸ ਨੂੰ ਕੀ ਸਹਾਇਤਾ ਪ੍ਰਦਾਨ ਕੀਤੀ ਗਈ ਹੈ।

## ਕਾਨੂੰਨ ਕੀ ਕਹਿੰਦਾ ਹੈ

ਕਾਨੂੰਨ (ਐਜੂਕੇਸ਼ਨ ਐਂਡ ਚਿਲਡਰਨ ਸਰਵਿਸਿਜ਼ ਐਕਟ 2019) ਕਹਿੰਦਾ ਹੈ ਕਿ ਪ੍ਰਿੰਸੀਪਲ ਕਿਸੇ ਵਿਦਿਆਰਥੀ ਨੂੰ ਮੁਅੱਤਲ ਕਰ ਸਕਦਾ ਹੈ ਜੇਕਰ ਉਹ ਮੰਨਦਾ ਹੈ ਕਿ ਵਿਦਿਆਰਥੀ:

- ਹਿੰਸਕ ਹੋਇਆ ਸੀ ਜਾਂ ਉਸਨੇ ਹਿੰਸਾ ਦੀ ਧਮਕੀ ਦਿੱਤੀ ਸੀ
- ਅਜਿਹੇ ਤਰੀਕੇ ਨਾਲ ਵਿਵਹਾਰ ਕੀਤਾ ਜਿਸ ਨਾਲ ਕਿਸੇ ਵਿਦਿਆਰਥੀ, ਸਟਾਫ਼ ਦੇ ਮੈਂਬਰ ਜਾਂ ਸਕੂਲ ਨਾਲ ਜੁੜੇ ਹੋਰ ਵਿਅਕਤੀ ਦੀ ਸੁਰੱਖਿਆ ਜਾਂ ਸਲਾਮਤੀ ਨੂੰ ਖਤਰਾ ਹੋਵੇ (ਉਦਾਹਰਨ ਲਈ ਧੱਕੇਸ਼ਾਹੀ, ਜਿਸਮਾਨੀ ਛੇੜਛਾੜ, ਗਾਲ੍ਹੀ-ਗਲੋਚ, ਨਸਲੀ ਦੁਰਵਿਵਹਾਰ)
- ਕੋਈ ਵੀ ਗੈਰ-ਕਾਨੂੰਨੀ ਕੰਮ ਕਰੇ
- ਅਧਿਆਪਨ ਅਤੇ ਸਿੱਖਣ ਵਿੱਚ ਵਿਘਨ ਪਾਵੇ
- ਵਿਹਾਰ ਸੰਬੰਧੀ ਸਕੂਲ ਦੇ ਨਿਯਮਾਂ ਨੂੰ ਵਾਰ-ਵਾਰ ਤੋੜੇ
- ਵਾਰ-ਵਾਰ ਅਤੇ ਜਾਣਬੁੱਝ ਕੇ ਆਪਣੇ ਸਕੂਲ ਦੇ ਕੰਮ ਵਿੱਚ ਦਿਲਚਸਪੀ ਨਾ ਦਿਖਾਵੇ ਜਾਂ ਧਿਆਨ ਨਾ ਦੇਵੇ।

# ਮਾਪਿਆਂ ਅਤੇ ਦੇਖਭਾਲ ਕਰਨ ਵਾਲਿਆਂ ਲਈ 'ਮੁਅੱਤਲ' (ਸਸਪੈਂਡ ਕੀਤੇ ਜਾਣ) ਬਾਰੇ ਜਾਣਕਾਰੀ

## ਸਕੂਲ ਤੁਹਾਡੇ ਨਾਲ ਗੱਲਬਾਤ ਕਰੇਗਾ

ਪ੍ਰਿੰਸੀਪਲ ਜਾਂ ਪ੍ਰਿੰਸੀਪਲ ਲਈ ਕੰਮ ਕਰਨ ਵਾਲਾ ਕੋਈ ਹੋਰ ਸਟਾਫ ਮੈਂਬਰ ਤੁਹਾਡੇ ਬੱਚੇ ਨੂੰ ਮੁਅੱਤਲ ਕਰਨ ਦਾ ਫੈਸਲਾ ਲੈਣ ਤੋਂ ਬਾਅਦ ਜਿੰਨੀ ਜਲਦੀ ਹੋ ਸਕੇ ਤੁਹਾਡੇ ਨਾਲ ਸੰਪਰਕ ਕਰੇਗਾ।

ਸਕੂਲ ਤੁਹਾਡੇ ਅਤੇ ਤੁਹਾਡੇ ਬੱਚੇ ਨਾਲ ਹੇਠ ਲਿਖੀਆਂ ਗੱਲਾਂ ਬਾਰੇ ਗੱਲ ਕਰੇਗਾ:

- ਮੁਅੱਤਲ ਕੀਤੇ ਜਾਣ ਦੇ ਕਾਰਨ
- ਮੁਅੱਤਲ ਕਿੰਨੀ ਦੇਰ ਲਈ ਕੀਤਾ ਗਿਆ/ਜਾ ਰਿਹਾ ਹੈ
- ਕਿ ਮੁਅੱਤਲ ਹੋਏ ਦੌਰਾਨ ਤੁਹਾਡਾ ਬੱਚਾ ਸਕੂਲ ਦੀ ਜ਼ਮੀਨ 'ਤੇ ਮੌਜੂਦ ਨਹੀਂ ਹੋ ਸਕਦਾ
- ਕਿ ਸਕੂਲ ਤੁਹਾਨੂੰ ਲਿਖਤੀ ਨੋਟਿਸ ਅਤੇ ਇਸ ਤੱਥ ਪੱਤਰ ਦੀ ਇੱਕ ਕਾਪੀ ਦੇਵੇਗਾ
- ਇਹ ਕਿ ਤੁਹਾਡੇ ਬੱਚੇ ਦੇ ਕਲਾਸ ਵਿੱਚ ਵਾਪਸ ਆਉਣ ਤੋਂ ਪਹਿਲਾਂ ਇੱਕ ਰੀਕਨੈਕਸ਼ਨ ਮੀਟਿੰਗ ਕੀਤੀ ਜਾਵੇਗੀ
- ਰੀਕਨੈਕਸ਼ਨ ਮੀਟਿੰਗ ਵਿੱਚ ਕੀ ਹੋਣ ਦੀ ਉਮੀਦ ਹੈ, ਉਦਾਹਰਨ ਲਈ, ਉਸ ਵਿੱਚ ਕੌਣ-ਕੌਣ ਹੋਵੇਗਾ
- ਕਿ ਤੁਸੀਂ ਮੀਟਿੰਗ ਵਿੱਚ ਕਿਸੇ ਸਹਾਇਕ ਵਿਅਕਤੀ ਜਾਂ ਵਕੀਲ ਨੂੰ ਲਿਆ ਸਕਦੇ ਹੋ। ਜੇਕਰ ਤੁਸੀਂ ਅਜਿਹਾ ਕਰਨਾ ਚਾਹੁੰਦੇ ਹੋ ਤਾਂ ਸਕੂਲ ਤੁਹਾਨੂੰ ਇੱਕ ਸਕੂਲ-ਅਧਾਰਤ ਵਕੀਲ ਪ੍ਰਦਾਨ ਕਰ ਸਕਦਾ ਹੈ
- ਜੇਕਰ ਮੁਅੱਤਲੀ 4 ਜਾਂ 5 ਦਿਨਾਂ ਲਈ ਕੀਤੀ ਗਈ ਹੈ, ਤਾਂ ਮੁਅੱਤਲੀ ਦੌਰਾਨ ਉਸਨੂੰ ਸਕੂਲ ਨਾਲ ਜੁੜੇ ਰੱਖਣ ਲਈ ਇੱਕ ਸਟਾਫ ਮੈਂਬਰ ਤੁਹਾਡੇ ਬੱਚੇ ਨਾਲ ਸੰਪਰਕ ਕਰੇਗਾ (ਜਿਵੇਂ ਕਿ ਫ਼ੋਨ ਦੁਆਰਾ)।

## ਮੁਅੱਤਲੀ ਦੌਰਾਨ

- ਤੁਹਾਡਾ ਬੱਚਾ ਤੁਹਾਡੀ ਦੇਖਭਾਲ ਵਿੱਚ ਘਰੇ ਰਹੇਗਾ।
- ਮੁਅੱਤਲੀ ਦੌਰਾਨ ਸਕੂਲ ਵੱਲੋਂ ਤੁਹਾਡੇ ਬੱਚੇ ਨੂੰ ਸਕੂਲ ਦਾ ਕੰਮ ਦਿੱਤਾ ਜਾਣਾ ਜ਼ਰੂਰੀ ਨਹੀਂ ਹੈ।
- ਸਕੂਲ ਕੰਮ ਦੇਣ ਦਾ ਫੈਸਲਾ ਕਰ ਸਕਦਾ ਹੈ ਜੇਕਰ ਅਜਿਹਾ ਕਰਨਾ ਤੁਹਾਡੇ ਬੱਚੇ ਨੂੰ ਲਾਭ ਪਹੁੰਚਾਉਂਦਾ ਹੈ।

## ਰੀਕਨੈਕਸ਼ਨ ਮੀਟਿੰਗ

ਤੁਹਾਡੇ ਬੱਚੇ ਦੇ ਕਲਾਸ ਵਿੱਚ ਵਾਪਸ ਆਉਣ ਤੋਂ ਪਹਿਲਾਂ ਇੱਕ ਰੀਕਨੈਕਸ਼ਨ ਮੀਟਿੰਗ ਹੋਵੇਗੀ।

ਰੀਕਨੈਕਸ਼ਨ ਮੀਟਿੰਗ ਇਨ੍ਹਾਂ ਦਰਮਿਆਨ ਹੁੰਦੀ ਹੈ:

- ਤੁਸੀਂ
- ਤੁਹਾਡਾ ਬੱਚਾ
- ਸਕੂਲ ਦੇ ਕਰਮਚਾਰੀ

ਰੀਕਨੈਕਸ਼ਨ ਮੀਟਿੰਗ ਤੁਹਾਡੇ ਬੱਚੇ ਦੀਆਂ ਲੋੜਾਂ ਨੂੰ ਸਮਝਣ ਲਈ ਹੁੰਦੀ ਹੈ ਅਤੇ:

- ਸੁਰੱਖਿਅਤ ਅਤੇ ਸਕਾਰਾਤਮਕ ਵਿਵਹਾਰ ਵਿੱਚ ਮਦਦ ਕਰਨ ਲਈ ਇੱਕ ਯੋਜਨਾ ਵਿਕਸਿਤ ਕਰਦੀ ਹੈ (ਜਾਂ ਜੇਕਰ ਯੋਜਨਾ ਪਹਿਲਾਂ ਤੋਂ ਹੀ ਬਣੀ ਹੋਈ ਹੈ ਤਾਂ ਉਸ ਵਿੱਚ ਅਪਡੇਟ (ਲੋੜ ਅਨੁਸਾਰ ਬਦਲਾਅ ਕਰਦੀ ਹੈ)
- ਉਹਨਾਂ ਰਿਸ਼ਤਿਆਂ ਦੀ ਮੁਰੰਮਤ ਕਰਦੀ ਹੈ ਜੋ ਅਜਿਹੇ ਵਿਹਾਰ ਦੁਆਰਾ ਨੁਕਸਾਨੇ ਗਏ ਹਨ
- ਉਹਨਾਂ ਸਹਾਇਤਾਵਾਂ ਦੀ ਪਛਾਣ ਕਰਦੀ ਹੈ ਜੋ ਤੁਹਾਡੇ ਬੱਚੇ ਦੀ ਮਦਦ ਕਰਨਗੇ। ਜੇਕਰ ਤੁਸੀਂ ਆਪਣੇ ਬੱਚੇ ਦੇ ਸਕੂਲ ਵਾਪਸ ਆਉਣ ਤੋਂ ਪਹਿਲਾਂ ਰੀਕਨੈਕਸ਼ਨ ਮੀਟਿੰਗ ਵਿੱਚ ਸ਼ਾਮਲ ਨਹੀਂ ਹੋ ਸਕਦੇ ਹੋ:
- ਤਾਂ ਜਦੋਂ ਤੱਕ ਮੀਟਿੰਗ ਹੋ ਨਹੀਂ ਜਾਂਦੀ, ਤੁਹਾਡਾ ਬੱਚਾ ਇੱਕ ਵਿਕਲਪਿਕ ਸਿਖਲਾਈ ਪ੍ਰੋਗਰਾਮ 'ਤੇ ਸਕੂਲ ਵਾਪਸ ਆਵੇਗਾ

ਜਾਂ

- ਵਿਵਹਾਰ ਸਹਾਇਤਾ ਯੋਜਨਾ ਕਿਸੇ ਹੋਰ ਤਰੀਕੇ ਨਾਲ ਵਿਕਸਤ ਜਾਂ ਅੱਪਡੇਟ ਕੀਤੀ ਜਾਂਦੀ ਹੈ।

## ਵਿਵਹਾਰ ਸਹਾਇਤਾ ਯੋਜਨਾ

ਤੁਹਾਡੇ ਬੱਚੇ ਦੇ ਸੁਰੱਖਿਅਤ ਅਤੇ ਸਕਾਰਾਤਮਕ ਵਿਵਹਾਰ ਵਿੱਚ ਮਦਦ ਕਰਨ ਲਈ ਇੱਕ ਵਿਹਾਰ ਸਹਾਇਤਾ ਯੋਜਨਾ ਤਿਆਰ ਕੀਤੀ ਜਾਂਦੀ ਹੈ। ਯੋਜਨਾ ਵਿੱਚ ਇਹ ਸਭ ਸ਼ਾਮਲ ਹੋਣਾ ਚਾਹੀਦਾ ਹੈ:

- ਉਹ ਹੁਨਰ ਜੋ ਇੱਕ ਸੁਰੱਖਿਅਤ ਅਤੇ ਸਕਾਰਾਤਮਕ ਵਿਵਹਾਰ ਲਈ ਉਸ ਨੂੰ ਚਾਹੀਦੇ ਹਨ
- ਤੁਹਾਡਾ ਬੱਚਾ ਇਹ ਹੁਨਰ ਕਿਵੇਂ ਸਿੱਖੇਗਾ ਅਤੇ ਕੌਣ ਉਸਦੀ ਮਦਦ ਕਰੇਗਾ
- ਜਦੋਂ ਤੁਹਾਡਾ ਬੱਚਾ ਅਜੇ ਵੀ ਹੁਨਰ ਅਤੇ ਉਨ੍ਹਾਂ ਨੂੰ ਲਾਗੂ ਕਰਨਾ ਸਿੱਖ ਕਰ ਰਿਹਾ ਹੈ ਤਾਂ ਚੀਜ਼ਾਂ ਨੂੰ ਕਿਵੇਂ ਸੁਰੱਖਿਅਤ ਅਤੇ ਸਕਾਰਾਤਮਕ ਬਣਾਇਆ ਜਾ ਸਕਦਾ ਹੈ
- ਸਭ ਨੂੰ ਕਿਵੇਂ ਪਤਾ ਲੱਗੇਗਾ ਕਿ ਤੁਹਾਡਾ ਬੱਚਾ ਇਸ ਵਿੱਚ ਤਰੱਕੀ ਕਰ ਰਿਹਾ ਹੈ
- ਜੇਕਰ ਭਵਿੱਖ ਵਿੱਚ ਤੁਹਾਡੇ ਬੱਚੇ ਅੰਦਰ ਉਸਦੇ ਵਿਵਹਾਰ ਬਾਰੇ ਚਿੰਤਾਵਾਂ ਖੜੀਆਂ ਹੁੰਦੀਆਂ ਹਨ ਤਾਂ ਉਸਦੀ ਸਹਾਇਤਾ ਕਿਵੇਂ ਕੀਤੀ ਜਾਵੇਗੀ
- ਸਾਰਿਆਂ ਦੀ ਕੀ ਭੂਮਿਕਾ ਹੋਵੇਗੀ।

ਜੇਕਰ ਤੁਹਾਡੇ ਬੱਚੇ ਦਾ ਪਹਿਲਾਂ ਤੋਂ ਹੀ ਇੱਕ 'ਵੱਨ ਪਲਾਨ' ਬਣਿਆ ਹੋਇਆ ਹੈ, ਤਾਂ ਉਸਦੀ ਵਿਵਹਾਰਕ ਸਹਾਇਤਾ ਯੋਜਨਾ ਨੂੰ ਇਸ 'ਵੱਨ ਪਲਾਨ' ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ।

# ਬਾਕੀ ਦੀ ਮਹੱਤਵਪੂਰਨ ਜਾਣਕਾਰੀ

## ਬੱਚਿਆਂ ਨਾਲ ਇੱਕੋ ਜਿਹੇ ਵਿਵਹਾਰ ਲਈ ਵੱਖੋ-ਵੱਖਰਾ ਵਿਹਾਰ ਕੀਤਾ ਜਾ ਸਕਦਾ ਹੈ

ਜਦੋਂ ਇੱਕ ਪ੍ਰਿੰਸੀਪਲ ਵਿਦਿਆਰਥੀ ਦੇ ਵਿਵਹਾਰ ਲਈ ਸਭ ਤੋਂ ਵਧੀਆ ਜਵਾਬੀ ਕਾਰਵਾਈ ਬਾਰੇ ਸੋਚਦਾ ਹੈ, ਤਾਂ ਉਨ੍ਹਾਂ ਨੂੰ ਹਰ ਚੀਜ਼ ਨੂੰ ਦੇਖਣਾ ਪੈਂਦਾ ਹੈ ਅਤੇ ਸਥਿਤੀ ਵਿੱਚ ਸ਼ਾਮਲ ਹਰੇਕ ਵਿਦਿਆਰਥੀ ਬਾਰੇ ਸੋਚਣਾ ਪੈਂਦਾ ਹੈ। ਹੋ ਸਕਦਾ ਹੈ ਕਿ ਦੋ ਬੱਚਿਆਂ ਨੇ ਇੱਕੋ ਜਿਹਾ ਵਿਹਾਰ ਕੀਤਾ ਹੋਵੇ, ਪਰ ਹਰੇਕ ਬੱਚੇ ਨਾਲ ਵੱਖੋ-ਵੱਖਰਾ ਵਿਹਾਰ ਕਰਨਾ ਉਚਿਤ ਹੋ ਸਕਦਾ ਹੈ। ਉਦਾਹਰਨ ਲਈ, ਜੇਕਰ 2 ਬੱਚੇ ਲੜ ਰਹੇ ਸਨ, ਤਾਂ 1 ਨੂੰ ਮੁਅੱਤਲ ਕੀਤਾ ਜਾ ਸਕਦਾ ਹੈ ਅਤੇ ਦੂਜੇ ਨੂੰ ਨਹੀਂ।

## ਉਹ ਵਿਵਹਾਰ ਜੋ ਸਕੂਲ ਵਿੱਚ ਨਹੀਂ ਹੋਇਆ

ਜੇਕਰ ਤੁਹਾਡੇ ਬੱਚੇ ਦੇ ਵਿਵਹਾਰ ਅਤੇ ਸਕੂਲ ਜਾਂ ਸਕੂਲ ਦੇ ਕਿਸੇ ਸਬੰਧਾਂ ਵਿਚਕਾਰ ਕੋਈ ਉਚਿਤ ਕਨੈਕਸ਼ਨ (ਜੋੜ) ਪਾਇਆ ਜਾਂਦਾ ਹੈ ਤਾਂ ਤੁਹਾਡੇ ਬੱਚੇ ਨੂੰ ਸਕੂਲ ਦੇ ਸਮੇਂ ਤੋਂ ਬਾਹਰ ਅਤੇ ਸਕੂਲ ਦੇ ਪਰਿਖੇਤਰ ਤੋਂ ਬਾਹਰ ਹੋਏ ਵਿਵਹਾਰ ਲਈ ਵੀ ਮੁਅੱਤਲ ਕੀਤਾ ਜਾ ਸਕਦਾ ਹੈ।

# ਮਾਪਿਆਂ ਅਤੇ ਦੇਖਭਾਲ ਕਰਨ ਵਾਲਿਆਂ ਲਈ ‘ਮੁਅੱਤਲ’ (ਸਸਪੈਂਡ ਕੀਤੇ ਜਾਣ) ਬਾਰੇ ਜਾਣਕਾਰੀ

## ਮੁਅੱਤਲ ਕੀਤੇ ਜਾਣ ਦੌਰਾਨ ਤੁਹਾਡਾ ਬੱਚਾ ਸਕੂਲ ਦੇ ਪਰਿਖੇਤਰ ‘ਤੇ ਮੌਜੂਦ ਨਹੀਂ ਹੋ ਸਕਦਾ

ਮੁਅੱਤਲ ਕੀਤੇ ਜਾਣ ਦੌਰਾਨ ਤੁਹਾਡੇ ਬੱਚੇ ਦਾ ਸਕੂਲ ਦੇ ਪਰਿਖੇਤਰ ‘ਤੇ ਮੌਜੂਦ ਹੋਣਾ ਕਾਨੂੰਨ ਦੇ ਖਿਲਾਫ ਹੈ। ਜੇਕਰ ਤੁਹਾਡਾ ਬੱਚਾ ਮੁਅੱਤਲ ਕੀਤੇ ਜਾਣ ਦੌਰਾਨ ਸਕੂਲ ਦੇ ਪਰਿਖੇਤਰ ‘ਤੇ ਮੌਜੂਦ ਹੈ, ਤਾਂ ਉਹ ਇੱਕ ਅਪਰਾਧਿਕ ਜੁਰਮ ਕਰ ਰਿਹਾ ਹੈ।

ਤੁਹਾਡਾ ਬੱਚਾ ਰੀਕਨੈਕਸ਼ਨ ਮੀਟਿੰਗ ਵਿੱਚ ਸ਼ਾਮਲ ਹੋਣ ਲਈ ਸਕੂਲ ਦੇ ਪਰਿਖੇਤਰ ‘ਤੇ ਮੌਜੂਦ ਹੋ ਸਕਦਾ ਹੈ।

ਜੇਕਰ ਤੁਹਾਡੇ ਬੱਚੇ ਕੋਲ ਸਕੂਲ ਦੇ ਪਰਿਖੇਤਰ ‘ਤੇ ਹੋਣ ਦੇ ਹੋਰ ਠੋਸ ਕਾਰਨ ਹਨ, ਜਿਵੇਂ ਕਿ:

- ਸਕੂਲ ਦੇ ਪਰਿਖੇਤਰ ‘ਤੇ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਸੇਵਾਵਾਂ ਨੂੰ ਪ੍ਰਾਪਤ ਕਰਨਾ
- ਇੱਕ ਸਹਿਮਤ ਹੋਏ ਵਿਕਲਪਕ ਸਿਖਲਾਈ ਪ੍ਰੋਗਰਾਮ ਵਿੱਚ ਸ਼ਾਮਲ ਹੋਣਾ,

ਜਿਸ ਨੂੰ ਪ੍ਰਿੰਸੀਪਲ ਨੇ ਲਿਖਤੀ ਰੂਪ ਵਿੱਚ ਮਨਜ਼ੂਰ ਕੀਤਾ ਹੈ।

## ਕਿਸੇ ਹੋਰ ਸਕੂਲ ਵਿੱਚ ਦਾਖਲਾ ਲੈਣ ਬਾਰੇ

ਤੁਸੀਂ ਆਪਣੇ ਬੱਚੇ ਨੂੰ ਮੁਅੱਤਲ ਕੀਤੇ ਜਾਣ ਦੀ ਅਵਧੀ ਦੌਰਾਨ ਹੋਰ ਕਿਸੇ ਸਕੂਲ ਵਿੱਚ ਦਾਖਲ ਨਹੀਂ ਕਰਵਾ ਸਕਦੇ। ਜੇਕਰ ਤੁਹਾਡਾ ਬੱਚਾ ਮੁਅੱਤਲੀ ਤੋਂ ਬਾਅਦ ਕਿਸੇ ਨਵੇਂ ਸਕੂਲ ਵਿੱਚ ਦਾਖਲਾ ਲੈਂਦਾ ਹੈ, ਤਾਂ ਅਜੇ ਵੀ ਤੁਹਾਡੇ ਬੱਚੇ ਦੇ ਵਿਹਾਰ ਨੂੰ ਸਹਾਇਤਾ ਦੀ ਲੋੜ ਹੈ। ਮੌਜੂਦਾ ਸਕੂਲ ਦੇ ਪ੍ਰਿੰਸੀਪਲ ਅਤੇ ਨਵੇਂ ਸਕੂਲ ਦੇ ਪ੍ਰਿੰਸੀਪਲ ਤੁਹਾਡੇ ਬੱਚੇ ਦੇ ਵਿਹਾਰ ਬਾਰੇ ਗੱਲ ਕਰਨਗੇ ਅਤੇ ਤੁਹਾਡੇ, ਤੁਹਾਡੇ ਬੱਚੇ ਦੇ, ਅਤੇ ਦੋਵਾਂ ਸਕੂਲਾਂ ਦੇ ਵਿਚਕਾਰ ਵਿਹਾਰਕ ਸਹਾਇਤਾ ਦੀ ਇੱਕ ਯੋਜਨਾ ਤਿਆਰ ਕੀਤੀ ਜਾਵੇਗੀ।

## ਜੇਕਰ ਤੁਸੀਂ ਆਪਣੇ ਬੱਚੇ ਨੂੰ ਮੁਅੱਤਲ ਕਰਨ ਦੇ ਪ੍ਰਿੰਸੀਪਲ ਦੇ ਫੈਸਲੇ ਤੋਂ ਨਾਖੁਸ਼ ਹੋ

ਜੇ ਤੁਹਾਨੂੰ ਲੱਗਦਾ ਹੈ ਕਿ ਤੁਹਾਡੇ ਬੱਚੇ ਨੂੰ ਮੁਅੱਤਲ ਕੀਤੇ ਜਾਣ ਦੀ ਲੋੜ ਨਹੀਂ ਸੀ, ਤਾਂ ਆਪਣੇ ਬੱਚੇ ਦੇ ਸਕੂਲ ਨਾਲ ਸਲਾਹ-ਮਸ਼ਵਰਾ ਕਰੋ। ਜੇਕਰ ਤੁਸੀਂ ਸਕੂਲ ਨਾਲ ਕੋਈ ਹੱਲ ਨਹੀਂ ਕੱਢ ਪਾਉਂਦੇ ਹੋ, ਤਾਂ ਤੁਸੀਂ ‘ਡਿਪਾਰਟਮੈਂਟ ਫਾਰ ਐਜੂਕੇਸ਼ਨ ਗਾਹਕ ਫੀਡਬੈਕ ਯੂਨਿਟ’ ਨੂੰ ਸ਼ਿਕਾਇਤ ਕਰ ਸਕਦੇ ਹੋ:

- ਫ਼ੋਨ 1800 677 435 (ਮੁਫ਼ਤ ਹੈ)।
- https://www.education.sa.gov.au/ ‘ਤੇ ਜਾਓ ਅਤੇ School complaints ਜਾਂ Support making a complaint ਸਰਚ ਕਰੋ।

## ਵਧੇਰੇ ਜਾਣਕਾਰੀ ਲਈ ਸੰਪਰਕ ਵੇਰਵੇ

ਤੁਸੀਂ ਮੁਅੱਤਲ ਕੀਤੇ ਜਾਣ ਦੀ ਕਾਰਵਾਈ ਬਾਰੇ ਹੋਰ ਜਾਣਕਾਰੀ ਹੇਠ ਲਿਖੇ ਤਰੀਕਿਆਂ ਨਾਲ ਪ੍ਰਾਪਤ ਕਰ ਸਕਦੇ ਹੋ:

- ਪ੍ਰਿੰਸੀਪਲ ਜਾਂ ਸਕੂਲ ਦੇ ਕਿਸੇ ਹੋਰ ਆਗੂ ਨਾਲ ਮੁਲਾਕਾਤ ਕਰ ਕੇ
- ਆਪਣੇ ਸਥਾਨਕ ਸਿੱਖਿਆ ਦਫ਼ਤਰ ਨਾਲ ਸੰਪਰਕ ਕਰ ਕੇ
- ਸਿੱਖਿਆ ਵਿਭਾਗ ਨੂੰ 8226 1000 ‘ਤੇ ਫੋਨ ਕਰ ਕੇ
- ਸਿੱਖਿਆ ਵਿਭਾਗ ਦੀ ਵੈੱਬਸਾਈਟ https://www.education.sa.gov.au/ ‘ਤੇ ਜਾਓ ਅਤੇ ਸਰਚ ਕਰੋ ‘suspension’.

## ਵਧੇਰੀ ਸਹਾਇਤਾ

ਵਾਧੂ ਸਹਾਇਤਾ ਲਈ ਤੁਸੀਂ ਪੇਰੈਂਟ ਹੈਲਪਲਾਈਨ (ਮਾਪਿਆਂ ਦੀ ਸਹਾਇਤਾ ਲਾਈਨ) ਨਾਲ ਸੰਪਰਕ ਕਰ ਸਕਦੇ ਹੋ। ਫ਼ੋਨ 1300 364 100 (24 ਘੰਟੇ ਦੀ ਸੇਵਾ ਹੈ)।

ਜੇਕਰ ਤੁਹਾਡਾ ਬੱਚਾ ਕਿਸੇ ਨਾਲ ਗੱਲ ਕਰਨੀ ਚਾਹੁੰਦਾ ਹੈ, ਤਾਂ ਤੁਸੀਂ ਉਸਨੂੰ ਹੇਠ ਲਿਖਿਆਂ ਨਾਲ ਸੰਪਰਕ ਕਰਨ ਲਈ ਪ੍ਰੇਰਿਤ ਕਰ ਸਕਦੇ ਹੋ:

- Headspace (ਹੈੱਡਸਪੇਸ)

  12 ਤੋਂ 25 ਸਾਲ ਦੀ ਉਮਰ ਦੇ ਬੱਚਿਆਂ ਅਤੇ ਨੌਜਵਾਨਾਂ ਲਈ ਮਾਨਸਿਕ ਸਿਹਤ ਸਹਾਇਤਾ। ਫ਼ੋਨ: 1800 650 890
- Kids Helpline (ਬੱਚਿਆਂ ਦੀ ਸਹਾਇਤਾ ਫੋਨ ਲਾਈਨ)

  5 ਤੋਂ 25 ਸਾਲ ਦੀ ਉਮਰ ਦੇ ਬੱਚਿਆਂ ਅਤੇ ਨੌਜਵਾਨਾਂ ਲਈ ਪੀਅਰ-ਟੂ-ਪੀਅਰ ਸਹਾਇਤਾ, ਸਵੈ-ਸਹਾਇਤਾ ਦੇ ਸਰੋਤ ਅਤੇ ਫ਼ੋਨ ਅਤੇ ਔਨਲਾਈਨ ਸਲਾਹਕਾਰ ਸੇਵਾਵਾਂ। ਫ਼ੋਨ: 1800 55 1800